# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ : 26-03-2026**

ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾ

- ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਦੁਹਰਾਇਆ - ਭਾਰਤ ਵਿੱਚ ਪੈਟਰੋਲੀਅਮ ਅਤੇ LPG ਸਪਲਾਈ ਦੀ ਸਥਿਤੀ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਕਾਬੂ ਵਿੱਚ ਏ।
- ਅੱਜ ਦੇਸ਼ ਭਰ ਵਿੱਚ ਰਾਮ ਨੌਮੀ ਦਾ ਤਿਉਹਾਰ ਪੂਰੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ- I
- ਪੰਜਾਬ ਦੇ ਕਪੂਰਥਲਾ ਵਿੱਚ ਰੇਲ ਕੋਚ ਫੈਕਟਰੀ ਵਲੋਂ ਤਿਆਰ ਕੀਤੀ ਪਹਿਲੀ ਵੰਦੇ ਭਾਰਤ ਐਕਸਪ੍ਰੈਸ ਰੇਲਗੱਡੀ, ਇਸ ਮਹੀਨੇ ਦੇ ਅਖੀਰ ਤੱਕ ਰੇਲਵੇ ਦੇ ਬੇੜੇ ਵਿੱਚ ਹੋਵੇਗੀ ਸ਼ਾਮਲ ।
- ਭਾਰਤੀ ਹਵਾਈ ਫੌਜ ਦੀ ਸੂਰਿਆ ਕਿਰਨ ਟੀਮ ਕੱਲ੍ਹ ਤੋਂ ਚੰਡੀਗੜ੍ਹ ਦੀ ਸੁਖਨਾ ਝੀਲ 'ਤੇ ਦੋ ਦਿਨਾਂ ਏਅਰ ਸ਼ੋਅ ਕਰੇਗੀ ।
- ਜਲੰਧਰ ਕਾਊਂਟਰ ਇੰਟੈਲੀਜੈਂਸ ਵਿੰਗ ਵਲੋਂ ਇੱਕ ਅੰਤਰ-ਰਾਜੀ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਮਾਡਿਊਲ ਦਾ ਪਰਦਾਫਾਸ਼ -

ਉੱਤਰ ਪ੍ਰਦੇਸ਼ ਦੇ ਦੋ ਮੁਲਜ਼ਮਾਂ ਨੂੰ 10 ਪਿਸਤੌਲਾਂ ਅਤੇ 20 ਮੈਗਜ਼ੀਨਾਂ ਸਮੇਤ ਕੀਤਾ ਗ੍ਰਿਫ਼ਤਾਰ।

- ਮੌਸਮ ਵਿਭਾਗ ਵਲੋਂ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਅੱਜ ਤੋਂ ਵੱਖ-ਵੱਖ ਥਾਵਾਂ 'ਤੇ ਹਲਕੀ ਤੋਂ ਦਰਮਿਆਨੀ ਬਾਰਿਸ਼ yellow ਅਲਰਟ ਜਾਰੀ I

---------------------------------------------------------

ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਦੁਹਰਾਇਆ ਏ ਕਿ ਭਾਰਤ ਵਿੱਚ ਪੈਟਰੋਲੀਅਮ ਅਤੇ LPG ਸਪਲਾਈ ਦੀ ਸਥਿਤੀ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਕਾਬੂ ਵਿੱਚ ਏ। ਮੰਤਰਾਲੇ ਨੇ ਕਿਹਾ ਕਿ ਸਾਰੇ ਪ੍ਰਚੂਨ ਈਂਧਣ ਦੁਕਾਨਾਂ ਕੋਲ ਲੋੜੀਂਦੀ ਸਪਲਾਈ ਏ ਅਤੇ ਦੇਸ਼ ਵਿੱਚ ਕਿਤੇ ਵੀ ਪੈਟਰੋਲ, ਡੀਜ਼ਲ ਜਾਂ LPG ਦੀ ਕੋਈ ਕਮੀ ਨਹੀਂ ਏ। ਮੰਤਰਾਲੇ ਨੇ ਨਾਗਰਿਕਾਂ ਨੂੰ ਜਾਣਬੁੱਝ ਕੇ ਫੈਲਾਈ ਜਾ ਰਹੀ ਗਲਤ ਜਾਣਕਾਰੀ ਤੋਂ ਗੁੰਮਰਾਹ ਨਾ ਹੋਣ ਦੀ ਅਪੀਲ ਕੀਤੀ ਏ। ਭਾਰਤ ਨੂੰ ਅੱਜ ਦੁਨੀਆ ਭਰ ਦੇ 41 ਤੋਂ ਵੱਧ ਸਪਲਾਇਰਾਂ ਤੋਂ ਕੱਚਾ ਤੇਲ ਪ੍ਰਾਪਤ ਹੋ ਰਿਹਾ ਏ। ਮੰਤਰਾਲੇ ਨੇ ਕਿਹਾ ਕਿ ਦੇਸ਼ ਵਿੱਚ ਹਰੇਕ ਤੇਲ ਸੋਧ ਕਾਰਖ਼ਾਨਾ 100 ਫ਼ੀਸਦੀ ਤੋਂ ਵੱਧ ਸਮਰੱਥਾ ਨਾਲ ਚੱਲ ਰਿਹਾ ਏ। ਭਾਰਤ ਕੋਲ ਕੁੱਲ 74 ਦਿਨਾਂ ਦੀ ਰਿਜ਼ਰਵ ਸਮਰੱਥਾ ਏ ਅਤੇ ਇਸ ਸਮੇਂ ਅਸਲ ਭੰਡਾਰ ਕਰੀਬ 60 ਦਿਨਾਂ ਦਾ ਏ।ਮੰਤਰਾਲੇ ਨੇ ਇਹ ਵੀ

ਕਿਹਾ ਏ ਕਿ ਦੇਸ਼ ਭਰ ਵਿੱਚ LPG ਦੀ ਕੋਈ ਕਮੀ ਨਹੀਂ ਏ। ਘਰੇਲੂ ਰਿਫਾਇਨਰੀ ਉਤਪਾਦਨ ਵਿੱਚ 40 ਫ਼ੀਸਦੀ ਦਾ ਵਾਧਾ ਹੋਇਆ ਏ, ਜਿਸ ਨਾਲ LPG ਦਾ ਰੋਜ਼ਾਨਾ ਉਤਪਾਦਨ 50 ਹਜ਼ਾਰ ਮੀਟ੍ਰਿਕ ਟਨ ਹੋ ਗਿਆ ਏ, ਜੋ ਕਿ ਦੇਸ਼ ਦੀ ਲੋੜ ਮੁਤਾਬਕ 60 ਫ਼ੀਸਦੀ ਤੋਂ ਵੱਧ ਏ। ਮੰਤਰਾਲੇ ਨੇ ਕਿਹਾ ਏ ਕਿ ਕਰੀਬ ਇੱਕ ਮਹੀਨੇ ਦੀ ਸਪਲਾਈ ਲਈ ਪੂਰੇ ਪ੍ਰਬੰਧ ਕੀਤੇ ਗਏ ਨੇ ਅਤੇ ਵਾਧੂ ਖਰੀਦ ਨੂੰ ਲਗਾਤਾਰ ਅੰਤਿਮ ਰੂਪ ਦਿੱਤਾ ਜਾ ਰਿਹਾ ਏ। ਤੇਲ ਕੰਪਨੀਆਂ ਪ੍ਰਤੀ ਦਿਨ 5 ਲੱਖ ਤੋਂ ਵੱਧ ਸਿਲੰਡਰ ਸਫਲਤਾ ਨਾਲ ਵੰਡ ਰਹੀਆਂ ਨੇ। ਮੰਤਰਾਲੇ ਨੇ ਕਿਹਾ ਕਿ ਖਪਤਕਾਰਾਂ ਵੱਲੋਂ ਜ਼ਿਆਦਾ ਮੰਗ ਕਾਰਨ ਸਿਲੰਡਰਾਂ ਦੀ ਮੰਗ ਵਧ ਕੇ 89 ਲੱਖ ਸਿਲੰਡਰਾਂ ਤੱਕ ਪਹੁੰਚ ਗਈ ਸੀ, ਜੋ ਹੁਣ ਫਿਰ ਤੋਂ ਘੱਟ ਕੇ 50 ਲੱਖ ਸਿਲੰਡਰ ਰਹਿ ਗਈ ਏ। ਜਮ੍ਹਾਂਖੋਰੀ ਅਤੇ ਕਾਲਾਬਾਜ਼ਾਰੀ ਤੋਂ ਬਚਣ ਲਈ ਸੂਬਾ ਸਰਕਾਰਾਂ ਨਾਲ ਸਲਾਹ-ਮਸ਼ਵਰਾ ਕਰਕੇ ਵਪਾਰਕ ਸਿਲੰਡਰਾਂ ਦੀ ਵੰਡ ਵਿੱਚ 50 ਫ਼ੀਸਦੀ ਦਾ ਵਾਧਾ ਕੀਤਾ ਗਿਆ ਏ।

---------------------------------------------------------

ਅੱਜ ਦੇਸ਼ ਭਰ ਵਿੱਚ ਰਾਮ ਨੌਮੀ ਮਨਾਈ ਜਾ ਰਹੀ ਏ, ਜੋ ਕਿ ਮਰਯਾਦਾ ਪੁਰਸ਼ੋਤਮ ਭਗਵਾਨ ਸ੍ਰੀ ਰਾਮ ਦੇ ਜਨਮ ਦਾ ਦਿਨ ਏ. ਇਹ ਤਿਓਹਾਰ ਡੂੰਘਾ ਧਾਰਮਿਕ ਅਤੇ ਸੱਭਿਆਚਾਰਕ ਮਹੱਤਵ ਰੱਖਦਾ ਏ, ਜੋ ਲੋਕਾਂ ਨੂੰ ਭਗਵਾਨ ਸ੍ਰੀ ਰਾਮ ਦੇ ਜੀਵਨ ਵਿੱਚ ਦਰਸਾਏ ਗਏ ਸੱਚ,

ਨਿਆਂ, ਫਰਜ਼ ਦੇ ਆਦਰਸ਼ਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕਰਦਾ ਏ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਰਾਮ ਨੌਮੀ ਮੌਕੇ ਨਾਗਰਿਕਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇੱਕ ਸੰਦੇਸ਼ ਵਿੱਚ, ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਭਗਵਾਨ ਰਾਮ ਦੀ ਜੀਵਨ ਯਾਤਰਾ, ਇੱਕ ਅਰਥਪੂਰਨ ਜੀਵਨ ਲਈ ਸੱਚ, ਅਤੇ ਨਿਆਂ ਦੇ ਮਾਰਗ 'ਤੇ ਚੱਲਣ ਲਈ ਸਾਡਾ ਮਾਰਗਦਰਸ਼ਨ ਕਰਦੀ ਏ । ਉਪ ਰਾਸ਼ਟਰਪਤੀ ਨੇ ਭਗਵਾਨ ਰਾਮ ਨੂੰ ਧੀਰਜ, ਕੁਰਬਾਨੀ ਅਤੇ ਨਿਆਂ ਪ੍ਰਤੀ ਸਮਰਪਣ ਦਾ ਪ੍ਰਤੀਕ ਦੱਸਿਆ, ਜੋ ਸਾਰੀ ਮਨੁੱਖਤਾ ਲਈ ਨਿਆਂ, ਸੱਚਾਈ ਅਤੇ ਅਟੁੱਟ ਨੈਤਿਕਤਾ ਦਾ ਸਰਬਉੱਚ ਆਦਰਸ਼ ਨੇ। ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਸਾਂਝਾ ਕਰਦਿਆਂ, ਪ੍ਰਧਾਨ ਮੰਤਰੀ ਨੇ ਕਿਹਾ ਕਿ ਤਿਆਗ, ਤਪੱਸਿਆ ਅਤੇ ਸੰਜਮ ਨਾਲ ਭਰਪੂਰ, ਮਰਿਯਾਦਾ ਪੁਰਸ਼ੋਤਮ ਦਾ ਜੀਵਨ ਸਾਨੂੰ ਹਰ ਸਥਿਤੀ ਦਾ ਪੂਰੀ ਤਾਕਤ ਨਾਲ ਸਾਹਮਣਾ ਕਰਨ ਲਈ ਪ੍ਰੇਰਿਤ ਕਰਦਾ ਏ।

---------------------------------------------------------------

ਓਧਰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਜ ਮੁਹਾਲੀ ਦੇ ਸ਼ਹਿਰ ਖਰੜ ਵਿਖੇ ਵਿਸ਼ਾਲ ਰਾਮ ਮੰਦਰ ‘ਚ ਪੂਜਾ ਮਗਰੋ ਧਾਰਮਿਕ ਰਿਵਾਇਤਾਂ ਮੁਤਾਬਿਕ ਪ੍ਰਾਣ ਪ੍ਰਤਿਸ਼ਟਾ ਕੀਤੀ । ਇਸ ਮੋਕੇ ਰਾਜਪਾਲ ਨੇ ਕਿਹਾ । ***BYTE-----***

ਜ਼ਿਕਰਯੋਗ ਏ 30 ਕਰੋੜ ਦੀ ਲਾਗਤ ਨਾਲ ਤਿਆਰ ਹੋਣ ਜਾ ਰਹੇ ਇਸ ਮੰਦਿਰ ਵਿਚ ਪ੍ਰਭੂ ਸ਼੍ਰੀ ਰਾਮ, ਸੀਤਾ ਮਾਤਾ, ਲਕਸ਼ਮਣ, ਹਨੂੰਮਾਨ ਜੀ ਦੇ ਨਾਲ ਨਾਲ ਭਗਵਾਨ ਰਾਮ ਦੇ ਪਿਤਾ ਦਸ਼ਰਥ, ਦਾਦਾ ਮਹਾਰਾਜਾ ਅੱਜ ਦੀ ਮੂਰਤੀ  ਪਹਿਲੀ ਵਾਰ ਸਥਾਪਿਤ ਕੀਤੀ ਗਈ ਏ। ਮੰਦਿਰ ਦੇ ਆਲੇ ਦੁਆਲੇ ਅੱਜ ਸਰੋਵਰ ਏ।ਇਸ ਮੰਦਿਰ ਵਿੱਚ ਪੰਜਾਬ ਦੇ ਸੈਰ ਸਪਾਟਾ ਵਿਭਾਗ ਵੱਲੋਂ 9 ਕਰੋੜ ਤੋਂ ਵੱਧ ਦੀ ਰਾਸ਼ੀ ਦਿੱਤੀ ਗਈ ਏ ।

-----------------------------------------------------

ਪੰਜਾਬ ਦੇ ਕਪੂਰਥਲਾ ਵਿੱਚ ਰੇਲ ਕੋਚ ਫੈਕਟਰੀ (RCF) ਨੇ ਆਪਣੀ ਪਹਿਲੀ ਵੰਦੇ ਭਾਰਤ ਐਕਸਪ੍ਰੈਸ ਰੇਲਗੱਡੀ ਤਿਆਰ ਕੀਤੀ ਏ ਜੋ ਇਸ ਮਹੀਨੇ ਦੇ ਅਖੀਰ ਤੱਕ ਰੇਲਵੇ ਦੇ ਬੇੜੇ ਵਿੱਚ ਸ਼ਾਮਲ ਕੀਤੀ ਜਾਵੇਗੀ। RCF ਦੇ ਡਿਪਟੀ ਜਨਰਲ ਮੈਨੇਜਰ, ਅਮਨ ਕੁਮਾਰ ਨੇ ਕਿਹਾ ਏ ਕਿ ਅਪਗ੍ਰੇਡ ਕੀਤੀ ਗਈ 16 ਡੱਬਿਆਂ ਵਾਲੀ ਇਹ ਰੇਲਗੱਡੀ, ਆਖਰੀ ਗੇੜ 'ਤੇ ਏ ਅਤੇ ਦੇਸ਼ ਦੀ ਸੇਵਾ ਵਿੱਚ ਸ਼ਾਮਲ ਹੋਣ ਲਈ ਤਿਆਰ ਏ।

BYTE:RNU260326

ਉਨ੍ਹਾਂ ਦੱਸਿਆ ਕਿ ਇਹ ਪਹਿਲੀ ਵਾਰ ਏ, ਜਦੋਂ  ਵੰਦੇ ਭਾਰਤ ਕੋਚ, ਕਪੂਰਥਲਾ ਦੇ RCF ਵਿਖੇ ਬਣਾਏ ਜਾ ਰਹੇ ਨੇ।

-----------------------------------------------------

ਭਾਰਤੀ ਹਵਾਈ ਫੌਜ ਦੀ ਹਵਾਈ ਕਰਤਬ ਚ ਬੇਹਤਰੀਨ ਸੂਰਿਆ

ਕਿਰਨ ਟੀਮ ਕੱਲ੍ਹ 27 ਮਾਰਚ ਤੋਂ ਚੰਡੀਗੜ੍ਹ ਦੀ ਸੁਖਨਾ ਝੀਲ 'ਤੇ ਦੋ ਦਿਨਾਂ ਏਅਰ ਸ਼ੋਅ ਕਰ ਰਹੀ ਏ । ਇਸ ਸਮਾਗਮ ਦੀਆਂ ਤਿਆਰੀਆਂ ਪੂਰੇ ਜ਼ੋਰਾਂ-ਸ਼ੋਰਾਂ 'ਤੇ ਨੇ। ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ, ਨਿਸ਼ਾਂਤ ਕੁਮਾਰ ਯਾਦਵ ਨੇ ਸਾਰੇ ਹਿੱਸੇਦਾਰ ਵਿਭਾਗਾਂ ਦੀ ਇੱਕ ਵਿਆਪਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ ਤਾਂ ਜੋ ਇਸ ਨੂੰ ਸੁਚੱਜੇ ਢੰਗ ਨਾਲ ਕਰਾਇਆ ਜਾ ਸਕੇ । ਹਵਾਈ ਕਰਤਬ ਪਰਦਰਸ਼ਨ ਕੱਲ੍ਹ 27 ਅਤੇ 28 ਮਾਰਚ ਨੂੰ ਸਵੇਰੇ 10 ਵਜੇ ਤੋਂ ਸਾਢੇ 11 ਵਜੇ ਵਿਚਕਾਰ ਹੋਣਾ ਤੈਅ ਕੀਤਾ ਗਿਆ ਏ।

------------------------------------------------

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਕੋਟਕਪੂਰਾ ਵਿਚ ਲੋਕ-ਮਿਲਣੀ ਕੀਤੀ ਤੇ ਜਨਤਕ ਮੁਸ਼ਕਿਲਾਂ ਸੁਣੀਆਂ। ਇਸ ਮੌਕੇ ਸਪੀਕਰ ਸੰਧਵਾਂ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਜਨਤਕ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਤੈਅਸ਼ੁਦਾ ਸਮੇਂ ਵਿਚ ਮਸਲਿਆਂ ਦਾ ਨਿਬੇੜਾ ਕਰਨ । ਉਨ੍ਹਾਂ ਆਗਾਹ ਕੀਤਾ ਕਿ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

------------------------------------------------

ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਦੀ ਸਿਹਤ, ਸਵੱਛਤਾ ਅਤੇ ਸਨਮਾਨ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ। ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਗਰੀਬ ਅਤੇ ਲੋੜਵੰਦ ਮਹਿਲਾਵਾਂ ਨੂੰ ਮੁਫ਼ਤ ਸੈਨਟਰੀ ਪੈਡ ਮੁਹੱਈਆ ਕਰਵਾ ਕੇ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਹੋਰ ਸੁਰੱਖਿਅਤ, ਸਿਹਤਮੰਦ ਅਤੇ ਸਨਮਾਨਤ ਬਣਾਇਆ ਜਾ ਰਿਹਾ ਏ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਸ ਵਿਤੀ ਸਾਲ ਦੌਰਾਨ ਪੰਜਾਬ ਸਰਕਾਰ ਵੱਲੋਂ ਲਗਭਗ 28 ਕਰੋੜ ਦੀ ਲਾਗਤ ਨਾਲ 7 ਕਰੋੜ 37 ਲਖ ਤੋਂ ਵੱਧ ਸੈਨਟਰੀ ਪੈਡ ਮੁਫ਼ਤ ਵੰਡੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਪਹਿਲ ਮਹਿਲਾਵਾਂ ਵਿੱਚ ਮਹਾਵਾਰੀ ਸਫ਼ਾਈ ਬਾਰੇ ਜਾਗਰੂਕਤਾ ਵਧਾਉਣ ਦੇ ਨਾਲ-ਨਾਲ ਸਿਹਤ ਸੁਰੱਖਿਆ ਨੂੰ ਵੀ ਮਜ਼ਬੂਤ ਕਰ ਰਹੀ ਏ । ਉਨ੍ਹਾਂ ਹੋਰ ਦੱਸਿਆ ਕਿ ਇਸ ਯੋਜਨਾ ਤਹਿਤ ਸੂਬੇ ਦੀਆਂ 13 ਲੱਖ 65 ਲਖ ਤੋਂ ਵੱਧ ਮਹਿਲਾਵਾਂ ਨੂੰ ਸਿੱਧਾ ਲਾਭ ਮਿਲਿਆ ਏ । ਡਾ. ਬਲਜੀਤ ਕੌਰ ਨੇ ਦੱਸਿਆ ਕਿ ‘ਨਵੀਂ ਦਿਸ਼ਾ’ ਸਕੀਮ ਤਹਿਤ ਸੂਬੇ ਦੇ 27 ਹਜ਼ਾਰ 314 ਆਂਗਨਵਾੜੀ ਸੈਂਟਰਾਂ ਰਾਹੀਂ ਹਰ ਮਹੀਨੇ ਲੋੜਵੰਦ ਮਹਿਲਾਵਾਂ ਨੂੰ 9 ਸੈਨਟਰੀ ਪੈਡ ਮੁਫ਼ਤ ਪ੍ਰਦਾਨ ਕੀਤੇ ਜਾ ਰਹੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲ ਮਹਾਵਾਰੀ ਸੰਬੰਧੀ ਝਿਜਕ ਅਤੇ ਸਮਾਜਿਕ ਧਾਰਣਾਵਾਂ ਨੂੰ ਤੋੜਨ ਵਿੱਚ ਵੀ ਅਹਿਮ ਭੂਮਿਕਾ ਨਿਭਾ ਰਹੀ ਏ ।

---

ਪੰਜਾਬ ਪੁਲਿਸ ਦੇ ਜਲੰਧਰ ਕਾਊਂਟਰ ਇੰਟੈਲੀਜੈਂਸ ਵਿੰਗ ਨੇ ਉੱਤਰ ਪ੍ਰਦੇਸ਼ ਦੇ ਦੋ ਮੁਲਜ਼ਮਾਂ ਨੂੰ 10 ਦੇਸੀ ਪਿਸਤੌਲਾਂ ਅਤੇ 20 ਮੈਗਜ਼ੀਨਾਂ ਸਮੇਤ ਗ੍ਰਿਫ਼ਤਾਰ ਕਰਕੇ ਇੱਕ ਅੰਤਰਰਾਜੀ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਮਾਡਿਊਲ ਦਾ ਪਰਦਾਫਾਸ਼ ਕੀਤਾ ਏ । ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਨੇ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਉਤਰ ਪ੍ਰਦੇਸ਼ ਦੇ ਪਿੰਡ ਪਾਂਦਾਪੁਰ ਦਲੇਸ਼ ਕੁਮਾਰ ਉਰਫ ਸੌਰਵ ਕੁਮਾਰ ਅਤੇ ਅਮਿਤ ਚਾਹਰ ਵਜੋਂ ਹੋਈ ਏ । ਉਨ੍ਹਾਂ ਦੱਸਿਆ ਕਿ ਲਗਾਤਾਰ ਜਾਂਚ ਦੌਰਾਨ,ਉੱਤਰ ਪ੍ਰਦੇਸ਼ ਦੇ ਇਨ੍ਹਾਂ ਦੋ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਤੋਂ ਪਤਾ ਲੱਗਾ ਏ ਕਿ ਉਹ ਜਰਮਨੀ ਅਤੇ ਅਮਰੀਕਾ ਤੋਂ ਕੰਮ ਕਰ ਰਹੇ ਵਿਦੇਸ਼ੀ ਅਪਰਾਧੀਆਂ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ ਜੋ ਪੰਜਾਬ ਵਿੱਚ ਅਪਰਾਧਿਕ ਗਿਰੋਹਾਂ ਨੂੰ ਹਥਿਆਰ ਸਪਲਾਈ ਕਰਨ ਵਿੱਚ ਸ਼ਾਮਲ ਸਨ।

---

ਗੈਂਗਸਟਰ ਵਿਰੋਧੀ ਕਾਰਜ ਬਲ ਨੇ ਚੰਡੀਗੜ੍ਹ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਬੀਤੇ ਦਿਨੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਵਿਦਿਆਰਥੀ ਆਗੂ ਜਸ਼ਨਪ੍ਰੀਤ ਸਿੰਘ ਜਵੰਦਾ 'ਤੇ ਹੋਈ ਗੋਲੀਬਾਰੀ ਦੀ ਘਟਨਾ ਦੇ ਸਬੰਧ ਵਿੱਚ ਮੁੱਖ ਸ਼ੂਟਰ ਜਸਪ੍ਰੀਤ ਸਿੰਘ ਉਰਫ਼ ਜਸ ਨੂੰ

ਗ੍ਰਿਫ਼ਤਾਰ ਕੀਤਾ ਏ । ਮੁਲਜ਼ਮ ਨੂੰ ਅਮਲੋਹ-ਪਾਤੜਾਂ ਸੜਕ 'ਤੇ ਗੋਲੀਬਾਰੀ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਜਿਸ ਦੌਰਾਨ ਉਹ ਜ਼ਖਮੀ ਹੋ ਗਿਆ ਸੀ ਅਤੇ ਉਸਨੂੰ ਤੁਰੰਤ ਇਲਾਜ ਲਈ ਹਸਪਤਾਲ ਭੇਜ ਦਿੱਤਾ ਗਿਆ ਸੀ। ਮੁੱਢਲੀ ਜਾਂਚ ਤੋਂ ਪਤਾ ਲਗਿਆ ਏ ਕਿ ਇਹ ਹਮਲਾ ਡੋਨੀ ਬਲ ਬੰਬੀਹਾ ਸਮੂਹ ਦੇ ਇਸ਼ਾਰੇ 'ਤੇ ਕੀਤਾ ਗਿਆ ਸੀ। ਇਸ ਬਾਰੇ ਅਗਲੇਰੀ ਜਾਂਚ ਜਾਰੀ ਏ ।

---------------------------------------------------

ਮੌਸਮ ਵਿਭਾਗ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ 29 ਮਾਰਚ ਤੋਂ ਵੱਖ-ਵੱਖ ਥਾਵਾਂ 'ਤੇ ਗਰਜ ਤੇ ਤੇਜ਼ ਹਵਾਵਾਂ ਦੇ ਨਾਲ ਬਾਰਿਸ਼ ਹੋਣ ਦੀ ਸੰਭਾਵਨਾ ਜਤਾਈ ਏ । 28 ਮਾਰਚ ਤੋਂ ਹਿਮਾਲੀਅਨ ਖੇਤਰ ਨੂੰ ਪ੍ਰਭਾਵਿਤ ਕਰਨ ਵਾਲੀ ਇੱਕ ਨਵੀਂ ਪੱਛਮੀ ਗੜਬੜੀ ਦੇ ਕਾਰਨ ਇਸ ਵਿਕਾਸ ਦੀ ਭਵਿੱਖਬਾਣੀ ਕੀਤੀ ਏ । ਮੌਸਮ ਵਿਭਾਗ ਨੇ ਇਨ੍ਹਾਂ ਸੂਬਿਆਂ ਵਿੱਚ yellow ਅਲਰਟ ਜਾਰੀ ਕੀਤਾ ਏ ਜਿਸ ਵਿੱਚ ਅੱਜ ਤੋਂ ਵੱਖ-ਵੱਖ ਥਾਵਾਂ 'ਤੇ ਹਲਕੀ ਤੋਂ ਦਰਮਿਆਨੀ ਬਾਰਿਸ਼ ਜਾਰੀ ਰਹਿਣ ਦੀ ਸੰਭਾਵਨਾ ਏ ਅਤੇ 29 ਤੋਂ 30 ਮਾਰਚ ਦੌਰਾਨ ਤੇਜ਼ ਹਵਾਵਾਂ ਦੇ ਨਾਲ ਗਰਜ ਨਾਲ ਮੀਂਹ ਪਵੇਗਾ। ਹਾਲਾਂਕਿ, ਅਗਲੇ 3 ਦਿਨਾਂ ਦੌਰਾਨ ਵੱਧ ਤੋਂ ਵੱਧ ਤਾਪਮਾਨ ਵਿੱਚ ਕੋਈ ਵੱਡਾ ਬਦਲਾਅ ਨਹੀਂ ਹੋਵੇਗਾ। ਹਰਿਆਣਾ ਦੇ ਗੁਰੂਗ੍ਰਾਮ ਵਿੱਚ ਵੱਧ ਤੋਂ ਵੱਧ 35 ਡਿਗਰੀ ਦਰਜ ਕੀਤਾ ਗਿਆ, ਜਿਸ ਤੋਂ ਬਾਅਦ

ਗੁਰਦਾਸਪੁਰ ਵਿੱਚ 32.5 ਡਿਗਰੀ ਅਤੇ ਚੰਡੀਗੜ੍ਹ ਵਿੱਚ ਵੱਧ ਤੋਂ ਵੱਧ 29 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ ਏ ।

----------------------------------------------------------------

- ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਦੁਹਰਾਇਆ - ਭਾਰਤ ਵਿੱਚ ਪੈਟਰੋਲੀਅਮ ਅਤੇ LPG ਸਪਲਾਈ ਦੀ ਸਥਿਤੀ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਕਾਬੂ ਵਿੱਚ ਏ।
- ਅੱਜ ਦੇਸ਼ ਭਰ ਵਿੱਚ ਰਾਮ ਨੌਮੀ ਦਾ ਤਿਉਹਾਰ ਪੂਰੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ- I
- ਪੰਜਾਬ ਦੇ ਕਪੂਰਥਲਾ ਵਿੱਚ ਰੇਲ ਕੋਚ ਫੈਕਟਰੀ ਵਲੋਂ ਤਿਆਰ ਕੀਤੀ ਪਹਿਲੀ ਵੰਦੇ ਭਾਰਤ ਐਕਸਪ੍ਰੈਸ ਰੇਲਗੱਡੀ, ਇਸ ਮਹੀਨੇ ਦੇ ਅਖੀਰ ਤੱਕ ਰੇਲਵੇ ਦੇ ਬੇੜੇ ਵਿੱਚ ਹੋਵੇਗੀ ਸ਼ਾਮਲ।
- ਭਾਰਤੀ ਹਵਾਈ ਫੌਜ ਦੀ ਸੂਰਿਆ ਕਿਰਨ ਟੀਮ ਕੱਲ੍ਹ ਤੋਂ ਚੰਡੀਗੜ੍ਹ ਦੀ ਸੁਖਨਾ ਝੀਲ 'ਤੇ ਦੋ ਦਿਨਾਂ ਏਅਰ ਸ਼ੋਅ ਕਰੇਗੀ।
- ਜਲੰਧਰ ਕਾਊਂਟਰ ਇੰਟੈਲੀਜੈਂਸ ਵਿੰਗ ਵਲੋਂ ਇੱਕ ਅੰਤਰ-ਰਾਜੀ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਮਾਡਿਊਲ ਦਾ ਪਰਦਾਫਾਸ਼ - ਉੱਤਰ ਪ੍ਰਦੇਸ਼ ਦੇ ਦੋ ਮੁਲਜ਼ਮਾਂ ਨੂੰ 10 ਪਿਸਤੌਲਾਂ ਅਤੇ 20 ਮੈਗਜ਼ੀਨਾਂ ਸਮੇਤ ਕੀਤਾ ਗ੍ਰਿਫ਼ਤਾਰ।

- ਮੌਸਮ ਵਿਭਾਗ ਵਲੋਂ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਅੱਜ ਤੋਂ ਵੱਖ-ਵੱਖ ਥਾਵਾਂ 'ਤੇ ਹਲਕੀ ਤੋਂ ਦਰਮਿਆਨੀ ਬਾਰਿਸ਼ yellow ਅਲਰਟ ਜਾਰੀ ।

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ !**